**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ- ਸਟੇਟ ਪ੍ਰੋਜੈਕਟ, ਡਾਇਰੈਕਟਰ**
**ਸਮਗਰਾ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**
**ਬਲਾਕ-ਈ, ਪੰਜਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:, ਫੇਜ਼-8 ਐਸ.ਏ.ਐਸ ਨਗਰ**

**ਵੱਲ** **(ਵੈੱਬਸਾਇਟ ਰਾਹੀਂ)**

**ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.)**
**ਸਮੂਹ ਪ੍ਰਿੰਸੀਪਲ ਡਾਇਟ,**
**ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ**
**ਸਮੂਹ ਸਕੂਲ ਮੁੱਖੀ**
**ਪੰਜਾਬ।**

**ਮੀਮੋ ਨੰ:-** SCERT/PPPP/PRS./2021635/96 **ਮਿਤੀ:** 18.02.2021

**ਵਿਸ਼ਾ:- ਰਾਜ ਦੇ ਪ੍ਰਾਇਮਰੀ ਸਕੂਲਾਂ ਵਿੱਚ ' ਬਾਲ-ਪ੍ਰਤਿਭਾ ਮੇਲਾ ' ਆਯੋਜਿਤ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤਾ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ ਅੰਦਰ ਸਿੱਖਿਆ ਵਿੱਚ ਗੁਣਾਤਮਿਕ ਸੁਧਾਰਾਂ ਦੇ ਉਦੇਸ਼ ਨਾਲ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਪ੍ਰੋਜੈਕਟ ਚਲਾਇਆ ਜਾ ਰਿਹਾ ਹੈ। 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਪ੍ਰੋਜੈਕਟ ਤਹਿਤ ਵਿਦਿਆਰਥੀਆਂ ਦੇ ਸਹਿ-ਵਿੱਦਿਅਕ ਗਤੀਵਿਧੀਆਂ ਤਹਿਤ ਵੱਖ-ਵੱਖ ਤਰ੍ਹਾਂ ਦੇ ਮੁਕਾਬਲੇ /ਮੇਲੇ ਵੀ ਕਰਵਾਏ ਜਾਂਦੇ ਹਨ। ਭਾਰਤ ਸਰਕਾਰ ਵੱਲੋਂ ਸੈਸ਼ਨ 2020-21 ਲਈ ਸਕੂਲਾਂ ਵਿੱਚ ' **ਬਾਲ-ਪ੍ਰਤਿਭਾ ਮੇਲਾ** ' ਕਰਵਾਉਣ ਲਈ ਪ੍ਰਤੀ ਸਕੂਲ 5000/- ਰੁਪਏ ਦੀ ਰਾਸ਼ੀ ਦਾ ਵੀ ਉਪਬੰਧ ਕੀਤਾ ਗਿਆ ਹੈ, ਜੋ ਕਿ ਸਮੂਹ ਜ਼ਿਲ੍ਹਿਆਂ ਨੂੰ ਵਿਭਾਗ ਦੇ ਪੱਤਰ ਨੰ. ਸਸਅ/ਵਿੱਤ/2020-21/202161277 ਮਿਤੀ: ਐਸ.ਏ.ਐਸ. ਨਗਰ : 17/02/2021 ਅਨੁਸਾਰ ਭੇਜੀ ਗਈ ਹੈ। COVID-19 ਦੌਰਾਨ ਬਣੀ ਸਥਿਤੀ ਅਤੇ ਮਿਸ਼ਨ ਸ਼ਤ-ਪ੍ਰਤੀਸ਼ਤ ਤਹਿਤ ਚੱਲ ਰਹੇ ਕੰਮ ਨੂੰ ਧਿਆਨ ਰੱਖਦੇ ਹੋਏ ਇਹਨਾਂ ਮੇਲਿਆਂ ਦਾ ਆਯੋਜਨ ਮਾਰਚ ਮਹੀਨੇ ਦੇ ਅੰਤ ਵਿੱਚ ਕਰਵਾਇਆ ਜਾਣਾ ਹੈ। ਇਸ ' **ਬਾਲ-ਪ੍ਰਤਿਭਾ ਮੇਲਾ** ' ਦੀ ਤਿਆਰੀ ਲਈ ਗਤੀਵਿਧੀਆਂ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ:-

| ਮੇਲਾ ਕਰਵਾਉਣ ਦੀ ਮਿਤੀ | ਗਤੀਵਿਧੀਆਂ | ਸਥਾਨ | ਭਾਗ ਲੈਣ ਵਾਲੇ |
|---|---|---|---|
| 26 ਮਾਰਚ ਤੋਂ 31 ਮਾਰਚ ਤੱਕ ਕਿਸੇ ਇੱਕ ਦਿਨ ਲਈ | ਅਧਿਆਪਕਾਂ ਦੀ ਦੇਖ-ਰੇਖ ਵਿੱਚ ਵਿਦਿਆਰਥੀਆਂ ਨੂੰ ਗਤੀਵਿਧੀ/ ਮਾਡਲ/ ਕਿਰਿਆਵਾਂ ਦੀ ਤਿਆਰੀ ਕਰਵਾਉਣਾ। | ਸਕੂਲ ਕੈਂਪਸ | ਪਹਿਲੀ ਤੋਂ ਪੰਜਵੀਂ ਜਮਾਤ ਦੇ ਸਮੂਹ ਵਿਦਿਆਰਥੀ ਅਤੇ ਅਧਿਆਪਕ |

3.0 ਇਸ ਮੇਲੇ ਤੋਂ ਪਹਿਲਾਂ ਤਿਆਰ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ/ਮਾਡਲਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| **ਲੜੀ ਨੰ.** | **ਗਤੀਵਿਧੀ/ ਮਾਡਲ/ ਕਿਰਿਆਵਾਂ** | **ਲੋੜੀਂਦਾ ਮਟੀਰੀਅਲ** |
|---|---|---|
| 1. | ਜਾਦੂਈ ਵਰਗ | ਚਾਰਟ ਅਤੇ ਸਕੈੱਚ ਪੈੱਨ |
| 2. | ਮੈਂ ਤੇਰੀ ਸੋਚੀ ਹੋਈ ਸੰਖਿਆ/ਉਮਰ ਦੱਸਾਂ | ਗੱਤਾ, ਰੰਗਦਾਰ ਚਾਰਟ, ਮਾਰਕਰ, ਗੂੰਦ |

| | | |
|---|---|---|
| 3. | ਖੇਡ-ਖੇਡ ਵਿੱਚ ਗੁਣਾਂ | 4 ਰੰਗਦਾਰ ਚਾਰਟ, straw, pipes, ਤੀਲੀਆਂ, ਮਾਰਕਰ |
| 4. | ਕੈਲੰਡਰ ਦਾ ਜਾਦੂ | 2 ਚਾਰਟ, 2 ਸਕੈੱਚ ਪੈੱਨ, ਗੱਤਾ ਅਤੇ ਗੂੰਦ |
| 5. | ਦੱਸ ਮੇਰੇ ਨੇੜੇ ਕੌਣ (ਸੰਖਿਆ ਦਾ ਨਿਕਟੀਕਰਨ) | ਗੱਤਾ, ਰੰਗਦਾਰ ਚਾਰਟ, ਮਾਰਕਰ, ਗੂੰਦ, ਖਿਡੌਣੇ ਕਾਰਾਂ (3) |
| 6. | ਕਿੱਲਾਂ ਦਾ ਸੰਤੁਲਨ | 4 ਇੰਚ ਲੰਬੀਆਂ 13 ਕਿੱਲਾਂ ਅਤੇ ਲੱਕੜੀ ਦਾ ਇੱਕ ਚੌਰਸ ਗੁੱਟਕਾ |
| 7. | ਕੰਕਾਲ | A4 Size 8 ਗੱਤੇ ਦੇ ਟੁਕੜੇ, ½ ਇੰਚ ਦੇ 16 ਸਕਰਿਊ, ਟੇਪ, ਕੈਂਚੀ, ਕਾਰਬਨ ਪੇਪਰ, ਕਾਲਾ ਸਕੈੱਚ ਪੈੱਨ, ਮਜ਼ਬੂਤ ਪੇਪਰ ਕਟਰ, ਸਕਰਿਊ ਡਰਾਇਵਰ, ਗੂੰਦ, ਸਕੇਲ ਅਤੇ ਪੈੱਨਸਲ |
| 8. | ਗੁਬਾਰੇ ਦਾ ਵਾਜਾ | ਪਲਾਸਟਿਕ ਦੀ ਖਾਲੀ ਬੋਤਲ, ਗੁਬਾਰੇ, ਧਾਗੇ ਦੀ ਰੀਲ ਵਿੱਚ ਲੰਘਣ ਵਾਲੀ ਨਲੀ, ਸੈਲੋ ਟੇਪ |
| 9. | ਮਨਚਾਹੀ ਬਰਸਾਤ | ਪਲਾਸਟਿਕ ਦੀ ਖਾਲੀ ਬੋਤਲ, ਸੂਈ |
| 10. | ਪੌਣ ਚੱਕੀ | ਕਾਗਜ, ਪਿੰਨ, ਕੈਂਚੀ, ਕਾਨਾ |
| 11. | ਜਲ  ਚੱਕਰ ਦਾ ਮਾਡਲ | ਗੱਤੇ,  ਰੰਗਦਾਰ ਚਾਰਟ, ਰੂੰ ਦਾ ਬੰਡਲ,  ਛੋਟੀ ਬੋਤਲ ਗੂੰਦ |
| 12. | ਸਕਰੈਪ ਬੁੱਕ- ਗਿਆਨ ਇੰਦਰੀਆਂ, ਘਰੇਲੂ 'ਤੇ ਜੰਗਲੀ ਰੁੱਖ, ਵੱਖ-ਵੱਖ ਪੱਤੇ, ਜਾਨਵਰਾਂ ਅਤੇ ਪੰਛੀਆਂ ਦੀਆਂ ਫੋਟੋਆਂ, ਆਵਾਜਾਈ ਦੇ ਸਾਧਨ, ਡਿਜ਼ੀਟਲ, ਵੱਖ-ਵੱਖ ਤਰ੍ਹਾਂ ਦੇ ਬੀਜ | 5 ਸਕਰੈਪ ਬੁੱਕ |
| 13. | ਨਕਸ਼ੇ 'ਤੇ ਅੰਕਿਤ ਕਰਨਾ- ਵੱਖ-ਵੱਖ ਰਾਜਾਂ ਦੀਆਂ ਫ਼ਸਲਾਂ, ਰਾਜਾਂ ਦੀ ਨਿਸ਼ਾਨਦੇਹੀ ਅਤੇ ਉਸ ਦੀਆਂ 02 ਵਿਸ਼ੇਸ਼ਤਾਵਾਂ ਦੱਸਣਾ | ਰੋਲਿੰਗ ਮੈਪ |
| 14. | ਵਾਤਾਵਰਨ ਕੋਨਾ (ਪੋਸ਼ਕ ਤੱਤ, ਊਰਜਾ ਬਚਾਉ, ਸਵੱਛਤਾ ਕਲੱਬ, ਪਰਿਵਾਰਿਕ ਢਾਂਚਾ) | ਚਾਰਟ |
| 15. | ਪਿੰਡ ਦਾ ਰਿਪੋਰਟ ਕਾਰਡ- ਜਨ ਸੰਖਿਆ, ਸਹੂਲਤਾਂ, ਆਉਣ ਜਾਣ ਦੇ ਸਾਧਨ, ਇਤਿਹਾਸਿਕ ਇਮਾਰਤ ਆਦਿ | ਸਕਰੈਪ ਬੁੱਕ |
| 16. | ਸਕੂਲ ਲਾਇਬ੍ਰੇਰੀ- ਕਿਤਾਬਾਂ ਦੀ ਲਿਸਟ, ਲੇਖਕਾਂ ਦੇ ਨਾਂ ਅਤੇ ਕਿਤਾਬਾਂ ਸਬੰਧੀ ਸੰਖੇਪ ਜਾਣਕਾਰੀ | ਸਕਰੈਪ ਬੁੱਕ |
| 17. | ਆਪਣੇ ਪਿੰਡ/ਸ਼ਹਿਰ/ਕਸਬੇ ਜਾਂ ਨੇੜੇ ਦੀ ਕੋਈ ਇਤਿਹਾਸਿਕ ਇਮਾਰਤ ਦੀ ਮਹੱਤਤਾ ਦੇ ਪੱਖੋਂ ਵੀਡੀਓ ਤਿਆਰ ਕਰਕੇ ਮੇਲੇ ਵਾਲੇ ਦਿਨ ਪ੍ਰੋਜੈਕਟਰ/ਐੱਲ.ਈ.ਡੀ. 'ਤੇ ਪ੍ਰਦਰਸ਼ਿਤ ਕਰਨਾ। | -- |

| ਮੇਲੇ ਵਾਲੇ ਦਿਨ ਹੋਣ ਵਾਲੇ ਹੋਰ ਮੁਕਾਬਲੇ/ ਗਤੀਵਿਧੀਆਂ | |
|---|---|
| **ਲੜੀ ਨੰ.** | **ਮੁਕਾਬਲੇ/ ਗਤੀਵਿਧੀਆਂ** |
| 1 | ਪੰਜਾਬੀ, ਅੰਗਰੇਜ਼ੀ, ਹਿੰਦੀ ਦੇ ਸੁੰਦਰ ਲਿਖਾਈ ਮੁਕਾਬਲੇ |
| 2 | ਪਹਾੜਿਆਂ ਦੇ ਮੁਕਾਬਲੇ |
| 3 | ਭਾਸ਼ਣ ਮੁਕਾਬਲੇ (ਅੰਗਰੇਜ਼ੀ ਭਾਸ਼ਾ) |
| 4 | ਭਾਸ਼ਣ ਮੁਕਾਬਲੇ (ਪੰਜਾਬੀ ਭਾਸ਼ਾ) |

**ਨੋਟ:-ਉਪਰੋਕਤ  ਦਿੱਤੀ ਗਈ ਸੂਚੀ ਮੇਲੇ ਵਿੱਚ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਲਈ ਅਗਵਾਈ ਦੇ ਰੂਪ ਵਿੱਚ ਹੈ। ਅਧਿਆਪਕ ਇਹਨਾਂ ਤੋਂ ਇਲਾਵਾ ਆਪਣੇ ਪੱਧਰ 'ਤੇ ਨਿਵੇਕਲੀਆਂ ਗਤੀਵਿਧੀਆਂ/ਮਾਡਲ/ਕਿਰਿਆਵਾਂ ਤਿਆਰ ਕਰਕੇ ਇਹਨਾਂ ਨੂੰ ਮੇਲੇ ਦਾ ਹਿੱਸਾ ਬਣਾ ਸਕਦੇ ਹਨ।**

4.0 ਵੱਖ-ਵੱਖ ਗਤੀਵਿਧੀਆਂ ਨੂੰ ਇਸ ਮੇਲੇ ਵਿੱਚ ਕਰਵਾਉਣ ਲਈ ਹੇਠ ਲਿਖੇ ਅਨੁਸਾਰ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ:-

4.1 ਵਿਦਿਆਰਥੀਆਂ ਦੀ ਗਿਣਤੀ ਮੁਤਾਬਿਕ ਵਿਦਿਆਰਥੀਆਂ ਦੇ ਗਰੁੱਪ ਬਣਾਏ ਜਾਣ ਅਤੇ ਹਰੇਕ ਵਿਦਿਆਰਥੀ ਗਰੁੱਪ ਵੱਲੋਂ ਤਿਆਰ ਕੀਤੇ ਗਤੀਵਿਧੀ/ਮਾਡਲ/ਕਿਰਿਆਵਾਂ ਸਾਰੇ ਵਿਦਿਆਰਥੀ ਗਰੁੱਪਾਂ ਨਾਲ ਸਾਂਝੇ ਕੀਤੇ ਜਾਣਾ।

4.2 ਹਰ ਗਰੁੱਪ ਦੇ ਵਿਦਿਆਰਥੀਆਂ ਨੂੰ ਅਧਿਆਪਕਾਂ ਵੱਲੋਂ ਗਤੀਵਿਧੀ/ਮਾਡਲ/ਕਿਰਿਆਵਾਂ ਲਈ ਲੋੜੀਂਦਾ ਸਮਾਨ ਉਪਲੱਬਧ ਕਰਵਾਇਆ ਜਾਵੇਗਾ।

4.3 ਸਮੂਹ ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਵੱਲੋਂ ਆਪਣੇ ਵਿਦਿਆਰਥੀਆਂ ਨੂੰ ਅਗਵਾਈ ਦੇਣ ਲਈ ਹਰ ਗਤੀਵਿਧੀ/ਮਾਡਲ/ਕਿਰਿਆ ਦਾ ਆਪਣਾ ਡੈਮੋ ਗਤੀਵਿਧੀ/ਮਾਡਲ/ਕਿਰਿਆ ਤਿਆਰ ਕੀਤੀ ਜਾਵੇਗੀ ਅਤੇ ਵਿਦਿਆਰਥੀਆਂ ਨੂੰ ਇਹਨਾਂ ਦੀ ਡੈਮੋ ਵੀ ਦਿੱਤੀ ਜਾਵੇਗੀ।

4.4 ਜਿਨ੍ਹਾਂ ਗਤੀਵਿਧੀ/ਮਾਡਲ/ਕਿਰਿਆਵਾਂ ਲਈ ਕਿਸੇ ਨੇਕੀਲੀ ਵਸਤੂ/ਸਾਧਨਾਂ ਦੀ ਵਰਤੋਂ ਕੀਤੀ ਜਾਣੀ ਹੈ ਉਹਨਾਂ ਗਤੀਵਿਧੀ/ਮਾਡਲ/ਕਿਰਿਆਵਾਂ ਦਾ ਮਟੀਰੀਅਲ ਅਧਿਆਪਕ ਵਿਦਿਆਰਥੀ ਨਾਲ ਮਿਲ ਕੇ ਤਿਆਰ ਕਰਨ।

4.5 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਟੀਮ ਮੈਂਬਰ ਅਧਿਆਪਕਾਂ ਨੂੰ ਗਤੀਵਿਧੀ/ਮਾਡਲ/ ਕਿਰਿਆਵਾਂ ਤਿਆਰ ਕਰਨ ਬਾਰੇ ਮਦਦ ਕਰਨ ਦਾ ਕੰਮ ਕਰਨਗੇ। 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਟੀਮ ਮੈਂਬਰ ਅਧਿਆਪਕਾਂ ਦੀ ਮਦਦ ਲਈ ਲੋੜੀਂਦੀਆਂ ਵੀਡੀਓ/ ਪੀ.ਪੀ.ਟੀ. ਪੇਸ਼ਕਾਰੀਆਂ ਤਿਆਰ ਕਰਨਗੇ ਤੇ ਗਤੀਵਿਧੀ/ਮਾਡਲ/ਕਿਰਿਆਵਾਂ ਬਣਾਉਣ ਸਬੰਧੀ ਫਾਲੋਅੱਪ ਕਰਦੇ ਹੋਏ ਫੀਡਬੈਕ ਦੇਣਗੇ।

4.6 ਮੇਲੇ ਵਾਲੇ ਦਿਨਾਂ ਦੌਰਾਨ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਟੀਮ ਮੈਂਬਰ ਆਪਣਾ ਰੂਟ ਪਲਾਨ ਤਿਆਰ ਕਰਕੇ ਲਾਜ਼ਮੀ ਤੌਰ ਤੇ ਹਰ ਸਕੂਲ ਨੂੰ ਘੱਟੋਂ-ਘੱਟ ਇੱਕ ਵਾਰੀ ਵਿਜ਼ਿਟ ਕਰਕੇ ਅਧਿਆਪਕਾਂ ਨੂੰ ਇਸ ਮੇਲੇ ਦੀ ਪੂਰੀ ਤਿਆਰੀ ਲਈ ਸਹਿਯੋਗ ਕਰਨਗੇ।

4.7 ਮੇਲੇ ਵਾਲੇ ਦਿਨ ਸਕੂਲ ਮੁਖੀ ਵਿਦਿਆਰਥੀਆਂ ਦੇ ਮਾਪਿਆਂ, ਪਿੰਡ ਦੇ ਪੱਤਵੰਤੇ ਸੱਜਣਾਂ, ਐੱਸ.ਐੱਮ.ਸੀ. ਕਮੇਟੀ ਦੇ ਮੈਂਬਰਾਂ ਅਤੇ ਸਾਰੇ ਵਿਦਿਆਰਥੀਆਂ ਨੂੰ ਮੇਲਾ ਦੇਖਣ ਲਈ ਸੱਦਾ ਦੇਣਗੇ।

4.8 ਸਕੂਲਾਂ ਵਿੱਚ ਲਗਾਏ ਜਾ ਰਹੇ ਇਸ ਮੇਲੇ ਬਾਰੇ ਸਵੇਰ ਦੀ ਸਭਾ ਵਿੱਚ ਬੱਚਿਆਂ ਨੂੰ ਅਗੇਤ ਜਾਣਕਾਰੀ ਦਿੱਤੀ ਜਾਵੇ, ਧਾਰਮਿਕ ਸਥਾਨਾਂ ਤੋਂ ਅਨਾਊਂਸਮੈਂਟ ਕਰਵਾਈ ਜਾਵੇ, ਸਕੂਲ ਦੇ ਬਾਹਰ ਅਤੇ ਕਿਸੇ ਹੋਰ ਸਾਂਝੀ ਥਾਂ 'ਤੇ ਫ਼ਲੈਕਸ ਲਗਾਏ ਜਾਣ, ਅਧਿਕਾਰੀਆਂ ਅਤੇ ਅਧਿਆਪਕਾਂ ਵੱਲੋਂ ਮੇਲੇ ਦੇ ਆਯੋਜਨ ਸਬੰਧੀ ਸੋਸ਼ਲ ਮੀਡੀਆ 'ਤੇ ਪੋਸਟਰ ਜਾਰੀ ਕਰਕੇ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ।

4.9 ਗਤੀਵਿਧੀ/ਮਾਡਲ/ਕਿਰਿਆਵਾਂ ਦੀ ਵੱਖ-ਵੱਖ ਮੇਜ਼ਾ 'ਤੇ ਪ੍ਰਦਰਸ਼ਨੀ ਲਗਾਈ ਜਾਵੇਗੀ ਅਤੇ ਵਿਦਿਆਰਥੀ ਆਪਣੇ-ਆਪਣੇ ਪ੍ਰੋਜੈਕਟ ਬਾਰੇ ਪਤਵੰਤਿਆਂ ਨੂੰ ਜਾਣਕਾਰੀ ਦੇਣਗੇ।

4.10 ਮੇਲੇ ਦੌਰਾਨ ਵਿਦਿਆਰਥੀ, ਮੇਲਾ ਵੇਖਣ ਆਉਣ ਵਾਲਿਆਂ ਨੂੰ ਪੂਰੀ ਤਰ੍ਹਾਂ ਆਪਣੇ ਗਤੀਵਿਧੀ/ਮਾਡਲ/ਕਿਰਿਆਵਾਂ ਤੋਂ ਜਾਣੂ ਕਰਵਾਉਣਗੇ। ਇਸ ਲਈ ਅਧਿਆਪਕ ਸਾਹਿਬਾਨ ਵਿਦਿਆਰਥੀਆਂ ਦੀ ਤਿਆਰੀ ਕਰਵਾ ਲੈਣ।

4.11 ਮੇਲੇ ਵਿੱਚ ਤਿਆਰ ਕੀਤੀਆਂ ਆਈਟਮਾਂ ਦਿਸਣ ਵਿੱਚ ਵੱਡੀਆਂ, ਖ਼ੂਬਸੂਰਤ ਅਤੇ ਅਰਥ ਭਰਪੂਰ ਲੱਗਦੀਆਂ ਹੋਣ।

4.12 ਸਕੂਲਾਂ ਵਿੱਚ ਅਧਿਆਪਕਾਂ ਦੁਆਰਾ ਤਿਆਰ ਕੀਤੀਆਂ ਇਨੋਵੇਟਿਵ ਟੀ.ਐੱਲ.ਐੱਮ. ਨੂੰ ਵੀ ਮੇਲੇ ਦੌਰਾਨ ਪ੍ਰਦਰਸ਼ਨੀ ਦਾ ਹਿੱਸਾ ਬਣਾਇਆ ਜਾਵੇ।

4.13 ਪ੍ਰਦਰਸ਼ਨੀ ਦੀਆਂ ਸਾਰੀਆਂ ਸਟਾਲਾਂ ਨੂੰ ਇਸ ਤਰੀਕੇ ਨਾਲ ਤਰਤੀਬ ਦਿੱਤੀ ਜਾਵੇ ਕਿ ਇਹਨਾਂ ਸਾਰੀਆਂ ਪ੍ਰਦਰਸ਼ਨੀਆਂ ਨੂੰ ਵੇਖਣ ਵਾਲੇ ਚੰਗੇ ਤਰੀਕੇ ਨਾਲ ਵੇਖ ਸਕਣ ਅਤੇ ਇਹਨਾਂ ਦੀ ਜਾਣਕਾਰੀ ਵੀ ਲੈ ਸਕਣ।

4.14 ਜਿੱਥੇ ਪ੍ਰਦਰਸ਼ਨੀਆਂ ਲਗਾਈਆਂ ਜਾਣੀਆਂ ਹਨ, ਉੱਥੇ ਵੀ ਫਲੈਕਸ਼ ਲਗਾਏ ਜਾਣ।

4.15 ਮੇਲੇ ਵਾਲੇ ਦਿਨ ਸਕੂਲ ਵਿੱਚ ਪੱਤਵੰਤੇ ਸੱਜਣ ਦੀ ਪ੍ਰਧਾਨਗੀ ਵੀ ਕਰਵਾਈ ਜਾ ਸਕਦੀ ਹੈ।

4.16 ਮੇਲੇ ਵਾਲੇ ਦਿਨ ਸਾਰੇ ਬੱਚੇ ਸਾਫ਼-ਸੁਥਰੀ ਵਰਦੀ ਵਿੱਚ ਹੋਣ।

4.17 ਮੇਲੇ ਨੂੰ ਸਕੂਲ ਦੇ ਸੋਸ਼ਲ ਮੀਡੀਆ ਪੇਜ਼ ਤੋਂ ਲਾਈਵ ਵੀ ਕੀਤਾ ਜਾ ਸਕਦਾ ਹੈ ਅਤੇ ਵੱਖ-ਵੱਖ ਪ੍ਰਦਰਸ਼ਨੀਆਂ 'ਤੇ ਬੱਚਿਆਂ ਦੁਆਰਾ ਡੈਮੋ ਦੀਆਂ ਵੀਡਿਓ ਵੀ ਬਣਾਈਆਂ ਜਾ ਸਕਦੀਆਂ ਹਨ।

4.18 ਸਟਾਲਾਂ ਦੀ ਪ੍ਰਦਰਸ਼ਨੀ ਲਗਾਉਣ ਵਾਲੇ, ਗਤੀਵਿਧੀ/ਮਾਡਲ/ਕਿਰਿਆਵਾਂ ਤਿਆਰ ਕਰਨ ਵਾਲੇ ਅਤੇ ਵੱਖ-ਵੱਖ ਮੁਕਾਬਲਿਆਂ ਵਿੱਚ ਜੇਤੂ ਰਹਿਣ ਵਾਲੇ ਵਿਦਿਆਰਥੀਆਂ ਨੂੰ ਇਨਾਮ-ਸਨਮਾਨ ਵੀ ਦਿੱਤੇ ਜਾਣ।

4.19 ਮੇਲੇ ਦੌਰਾਨ ਬਣੇ ਗਤੀਵਿਧੀ/ਮਾਡਲ/ਕਿਰਿਆਵਾਂ ਮੇਲੇ ਤੋਂ ਬਾਅਦ ਸਕੂਲ ਵਿੱਚ ਮੌਜੂਦ ਗਣਿਤ/ਵਾਤਾਵਰਨ ਕਾਰਨਰ ਵਿੱਚ ਰੱਖੇ ਜਾਣ।

4.20 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ), ਡਾਇਟ ਪ੍ਰਿੰਸੀਪਲ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਅਤੇ ਸੈਂਟਰ ਹੈੱਡ ਟੀਚਰ ਸਾਹਿਬਾਨ ਸਮੂਹ ਸਕੂਲਾਂ ਵਿੱਚ ਕਰਵਾਏ ਜਾ ਰਹੇ ਮੇਲੇ ਵਿੱਚ ਪਹੁੰਚ ਕੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਕਰਨ।

4.21 ਇਸ ਮੇਲੇ ਦੌਰਾਨ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਦੀ ਜ਼ਿੰਮੇਵਾਰੀਆਂ ਜਿੱਥੇ ਸਕੂਲ ਮੁੱਖੀ ਦੀ ਹੈ ਉੱਥੇ ਸਬੰਧਤ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ), ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ), ਡਾਇਟ ਪ੍ਰਿੰਸੀਪਲ, ਬੀ.ਪੀ.ਈ.ਓ. ਅਤੇ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਦੀ ਟੀਮ ਦੀ ਵੀ ਹੋਵੇਗੀ।

4.22 ਇਸ ਮੇਲੇ ਦੇ ਆਖਿਰ ਵਿੱਚ ਇੱਕ ਰਿਪੋਰਟ ਤਿਆਰ ਕਰਕੇ ਵੀ ਆਪਣੇ ਸਕੂਲ ਵਿੱਚ ਰੱਖੀ ਜਾ ਸਕਦੀ ਹੈ।

5.0 ਇਸ ਮੇਲੇ 'ਤੇ ਖਰਚ ਕੀਤੀ ਜਾਣ ਵਾਲੀ ਗ੍ਰਾਂਟ ਨੂੰ ਵਿੱਤੀ ਨਿਯਮਾਂ ਅਨੁਸਾਰ ਖਰਚਣ ਦੀ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

6.0 ਉਕਤ ਹਦਾਇਤਾਂ/ਸੁਝਾਵਾਂ ਦੀ ਪਾਲਣਾ ਸਮੇਂ ਕੇਂਦਰ ਅਤੇ ਰਾਜ ਸਰਕਾਰ ਵੱਲੋਂ COVID-19 ਦੀਆਂ ਜਾਰੀ ਹਦਾਇਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ।

7.0 ਹੁਕਮਾਂ ਦੀ ਇੰਨ੍ਹ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

**ਪਿੱਠ ਅੰਕਣ ਨੰ:** **ਮਿਤੀ:**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:**

1. **ਪੀ.ਏ. ਟੂ ਮਾਨਯੋਗ ਸਕੱਤਰ ਸਕੂਲ ਸਿੱਖਿਆ, ਪੰਜਾਬ।**
2. **ਡੀ.ਪੀ.ਆਈ. (ਐ.ਸਿੱ), ਪੰਜਾਬ।**
3. **ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ**

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।**